

ਤਲਵੰਡੀ ਸਾਬੋ ਪਾਵਰ ਪਲਾਂਟ ਵਿਖੇ ਸਫ਼ਾਈ ਕਰਦੇ ਹੋਏ ਕਰਮਚਾਰੀ।

# ਤਲਵੰਡੀ ਸਾਬੋ ਪਾਵਰ ਪਲਾਂਟ ਦੇ ਕਰਮਚਾਰੀਆਂ ਕੀਤੀ ਸਫ਼ਾਈ

**ਪੱਤਰ ਪ੍ਰੇਰਕ, ਮਾਨਸਾ** : ਸਵੱਛ ਭਾਰਤ ਮੁਹਿੰਮ ਦੇ ਤਹਿਤ ਮਾਨਸਾ ਦੇ ਤਲਵੰਡੀ ਸਾਬੋ ਪਾਵਰ ਪਲਾਂਟ ਵਿੱਚ ਕੰਮ ਕਰਦੇ ਕਰਮਚਾਰੀਆਂ ਅਤੇ ਹੋਰ ਕੰਪਨੀਆਂ ਵਿੱਚ ਕੰਮ ਕਰਦੇ ਵਰਕਰਾਂ ਨੇ ਮਿਲਕੇ ਇੱਕ ਸਫਾਈ ਮਹਾਂ ਅਭਿਆਨ ਚਲਾਇਆ, ਜਿਸ ਵਿੱਚ ਉਨ੍ਹਾਂ ਸੜਕ ਅਤੇ ਪਲਾਂਟ ਦੇ ਆਲੇ-ਦੁਆਲੇ ਦੀ ਸਫਾਈ ਕੀਤੀ। ਇਸ ਸਫਾਈ ਅਭਿਆਨ ਵਿੱਚ 300 ਦੇ ਲੱਗਭੱਗ ਕਰਮਚਾਰੀਆਂ ਨੇ ਭਾਗ ਲਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕੰਪਨੀ ਦੇ ਲੋਕ ਸੇਵਾ ਅਧਿਕਾਰੀ ਡਾ. ਵਿਸ਼ਾਲ ਅਗਰਵਾਲ ਨੇ ਦੱਸਿਆ ਕਿ ਕੰਪਨੀ ਵੱਲੋਂ ਹਰ ਹਫਤੇ ਪਲਾਂਟ ਵਿੱਚ ਸਫਾਈ ਕੀਤੀ ਜਾਂਦੀ ਹੈ ਅਤੇ ਕੰਪਨੀ ਤੇ ਹੋਰ ਕੰਪਨੀਆਂ ਨੇ ਮਿਲਕੇ ਮਹੀਨਾਵਾਰ ਪਲਾਂਟ ਦੇ ਆਲੇ-ਦੁਆਲੇ ਦੀ ਸਫਾਈ ਕਰਨ ਦਾ ਸੰਕਲਪ ਲਿਆ ਹੈ। ਉਨ੍ਹਾਂ ਕਿਹਾ ਕਿ ਸਾਰੇ ਹੀ ਕਰਮਚਾਰੀਆਂ ਅਤੇ ਵਰਕਰਾਂ ਵੱਲੋ ਸੜਕ ਅਤੇ ਨਾਲ ਲੱਗਦੀਆਂ ਕਾਲੋਨੀਆਂ ਤੋਂ ਇਲਾਵਾ ਬੱਸ ਸਟੈਂਡ ਆਦਿ ਦੀ ਸਫਾਈ ਕਰਨ ਦਾ ਫੈਸਲਾ ਕੀਤਾ ਹੈ। ਇਸ ਮੌਕੇ ਕੰਪਨੀ ਦੇ ਸੀਈਓਵਿਫਿਲਿਪਚਾਕੋ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸ਼ੁਰੂ ਕੀਤੀ ਸਫਾਈ ਮਹਿੰਮ ਤਹਿਤ ਹੀ ਹਰ ਮਹੀਨੇ ਕੰਪਨੀ 'ਚ ਕੰਮ ਕਰਦੇ ਵਰਕਰਾਂ ਅਤੇ ਕੰਟਰੈਕਟਰਾਂ ਵੱਲੋਂ ਸਫਾਈ ਕੀਤੀ ਜਾਵੇਗੀ। ਇਸ ਮੌਕੇ ਕੰਪਨੀ ਦੇ ਸੀਈਓਫਿਲਿਪਚਾਕੋ, ਚੇਤਨ ਸ੍ਰੀਵਾਸਤਵ, ਓਐਨਐਸ ਹੈਡਜੇਕੇ ਮੁਖਰਜੀ, ਸੁਮੀਰ ਨਾਇਕ, ਅਵਿਨਾਸ਼ ਕੁਮਾਰ, ਅਮਿਤ ਅਗਰਵਾਲ ਆਦਿ ਹਾਜ਼ਰ ਸਨ।

Sun, 13 September 2015
epaper.punjabijagran.com/c/6523310